This question paper contains 3 printed pages]

*Your Roll No.*...............

**4642**

**B.A. (PROGRAMME)/II** C

PUNJABI DISCIPLINE—Paper II

(Optional)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

*Write your Roll No. on the top immediately on receipt of this question paper.*

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਨਜ਼ਾਬਤ ਰਚਿਤ 'ਨਾਦਰ ਸ਼ਾਹ ਦੀ ਵਾਰ' ਦੇ ਸਾਹਿਤਕ ਤੇ ਇਤਿਹਾਸਕ ਮਹੱਤਵ ਬਾਰੇ ਵਿਸਤਾਰ ਨਾਲ ਚਰਚਾ ਕਰੋ ।

ਜਾਂ

ਹਾਸ਼ਮ ਰਚਿਤ 'ਕਿੱਸਾ ਸੱਸੀ ਪੁੰਨੂੰ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 15

2. ਹੇਠ ਲਿਖੇ ਇਕਾਂਗੀਆਂ ਵਿਚੋਂ ਕਿਸੇ **ਇਕ** ਦਾ ਆਲੋਚਨਾਤਮਕ ਅਧਿਐਨ ਕਰੋ :

(*i*) ਸੁਹਾਗ

(*ii*) ਜ਼ਫ਼ਰਨਾਮਾ

(*iii*) ਕੱਚ ਦਾ ਗੱਜਰਾ । 15

P.T.O.

3. ਹੇਠ ਲਿਖੇ ਸ਼ਬਦਾਂ ਤੇ ਵਾਕ ਨੂੰ ਸ਼ੁੱਧ ਕਰ ਕੇ ਲਿਖੋ :

(*i*) ਵਯਾਕਰਣ, ਸਮਜ, ਅੰਮਰਤ, ਵਰੁਦ, ਪਰਕਾਸ਼ ।

(*ii*) ਲੋਕਾਂ ਵੀਚ ਉਹ ਜੇਹੜੇ ਡੇਰ ਪੁਰਾਣੇ ਹਨ ਵਹਿਮ ਪ੍ਰਚਲਿਤ ਹਨ । 10

4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

'ਪਾਣਿਨੀ ਸੰਸਕ੍ਰਿਤ ਵਿਆਕਰਨ ਦਾ ਸਭ ਤੋਂ ਵੱਡਾ ਵਿਦਵਾਨ ਮੰਨਿਆ ਜਾਂਦਾ ਹੈ । ਉਸ ਦੀ ਲਿਖੀ ਹੋਈ ਪੁਸਤਕ ਦਾ ਨਾਮ 'ਪਾਣਿਨੀਯਮ' ਸੀ । ਕਿਹਾ ਜਾਂਦਾ ਹੈ ਕਿ ਇਸ ਦੀ ਰਚਨਾ ਈਸ਼ਵਰੀ ਗਿਆਨ ਕਾਰਨ ਹੋਈ । ਪਾਣਿਨੀ ਬਾਰੇ ਇਹ ਗੱਲ ਵੀ ਪ੍ਰਸਿੱਧ ਹੈ ਕਿ ਬਚਪਨ ਵਿਚ ਉਹ ਬੜਾ ਹੀ ਮੂਰਖ ਸੀ । ਇਸੇ ਲਈ ਉਸਨੂੰ ਪਾਠਸ਼ਾਲਾ ਵਿਚੋਂ ਕੱਢ ਦਿੱਤਾ ਗਿਆ ਸੀ । ਪਰ ਸ਼ਿਵਜੀ ਦੀ ਕਿਰਪਾ ਨਾਲ ਇਹ ਵਿਦਵਾਨਾਂ ਦੀ ਪਹਿਲੀ ਸ਼੍ਰੇਣੀ ਵਿਚ ਆ ਗਿਆ ਸੀ । ਉਹ ਆਪਣੀ ਪੁਸਤਕ ਵਿਚ ਕਈ ਵਿਆਕਰਨਕਾਰਾਂ ਦੇ ਨਾਂ ਦੇਂਦਾ ਹੈ ਜੋ ਇਸ ਤੋਂ ਪਹਿਲਾਂ ਹੋ ਚੁਕੇ ਸਨ । ਪਾਣਿਨੀ ਤੋਂ ਬਾਅਦ ਜਿਹੜੇ ਵਿਆਕਰਨ ਲਿਖੇ ਗਏ ਉਹਨਾਂ ਦੀ ਗਿਣਤੀ ਵੀ ਕਾਫ਼ੀ ਵੱਡੀ ਹੈ । ਭਾਵੇਂ ਉਹਨਾਂ ਵਿਚੋਂ ਕਈ ਬਹੁਤ ਹੀ ਸ੍ਰੇਸ਼ਟ ਤੇ ਬਹੁਤੀ ਵਰਤੋਂ ਵਿਚ ਵੀ ਆਉਂਦੇ ਹਨ, ਪਰ ਪਾਣਿਨੀ ਦੁਆਰਾ ਬਣਾਏ ਹੋਏ ਨੇਮ ਅੱਜ ਵੀ ਸਰਬਉੱਚ ਅਤੇ ਨਿਰਵਿਵਾਦ ਹਨ ।'

**ਪ੍ਰਸ਼ਨ :**

(*i*) ਪਾਣਿਨੀ ਦੀ ਪ੍ਰਸਿੱਧੀ ਕਿਸ ਕਾਰਣ ਹੋਈ ?

(*ii*) ਪਾਣਿਨੀ ਦੀ ਰਚਨਾ ਨੂੰ ਈਸ਼ਵਰੀ ਗਿਆਨ ਕਾਰਣ ਹੋਈ ਕਿਉਂ ਮੰਨਿਆ ਜਾਂਦਾ ਹੈ ?

(*iii*) ਕੀ ਪਾਣਿਨੀ ਸਭ ਤੋਂ ਪਹਿਲਾ ਵਿਆਕਰਨਕਾਰ ਸੀ ?

(*iv*) ਪਾਣਿਨੀ ਦੇ ਬਣਾਏ ਨੇਮਾਂ ਦਾ ਕੀ ਮਹੱਤਵ ਹੈ ?

(*v*) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ । 10

5. ਰਾਜਧਾਨੀ ਵਿਚ ਲਗਣ ਵਾਲੇ 'ਪੁਸਤਕ-ਮੇਲੇ' ਦਾ ਵਿਗਿਆਪਨ ਤਿਆਰ ਕਰਕੇ ਕਿਸੇ ਅਖ਼ਬਾਰ ਨੂੰ ਭੇਜੋ ।

ਜਾਂ

'ਰੂਪਕ' ਅਤੇ 'ਯਮਕ' ਅਲੰਕਾਰਾਂ ਨੂੰ ਉਦਾਹਰਨਾਂ ਸਹਿਤ ਸਪੱਸ਼ਟ ਕਰੋ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਉ :

(*i*) ਪੰਜਾਬੀ 'ਕਿੱਸੇ' ਬਾਰੇ ਸੰਖੇਪ ਨੋਟ ਲਿਖੋ ।

(*ii*) 'ਕਿੱਸਾ ਹੀਰ ਰਾਂਝਾ' ਵਿਚ ਸਮਕਾਲੀ ਲੋਕ-ਜੀਵਨ ਦੀ ਕਿਹੋ ਜਿਹੀ ਤਸਵੀਰ ਪੇਸ਼ ਕੀਤੀ ਗਈ ਹੈ ?

(*iii*) 'ਜੰਗਨਾਮਾ ਸਿੰਘਾ ਤੇ ਫ਼ਰੰਗੀਆਂ' ਪੰਜਾਬ ਦੇ ਕਿਸ ਸਮੇਂ ਦੀ ਤਸਵੀਰ ਪੇਸ਼ ਕਰਦਾ ਹੈ ?

(*iv*) 'ਬੰਬ ਕੇਸ' ਇਕਾਂਗੀ ਵਿਚ ਉਲਝਣ ਪੈਦਾ ਕਰਨ ਵਾਲੀ ਘਟਨਾ ਕੀ ਹੈ ?

(*v*) 'ਜੁੱਤੀਆਂ ਦਾ ਜੋੜਾ' ਇਕਾਂਗੀ ਵਿਚ ਭਾਰਤੀ ਇਸਤਰੀ ਦੇ ਕਿਸ ਸੁਭਾਅ ਨੂੰ ਪੇਸ਼ ਕੀਤਾ ਗਿਆ ਹੈ ? 15